# ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ (15 ਤੋ 21 ਅਗਸਤ 2016) ਹਫਤੇ ਲਈ ਸਿਫਾਰਿਸ਼ਾਂ

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| | | ਅਗਸਤ | | | | | | | | | | | |
|---|---|---|---|---|---|---|---|---|---|---|---|---|---|
| | | ਮੀਂਹ ਪਿਆ | | | | | | | ਮੀਂਹ ਦੀ ਸੰਭਾਵਨਾ | | | | |
| ਮਿਤੀ | 4 to 10 | 10 | 11 | 12 | 13 | 14 | 15 | 16 | 17 | 18 | 19 | 20 | 21 |
| ਪੰਜਾਬ | | | | | | | | | | | | | |
| ਬਠਿੰਡਾ | 27.5 | 0 | 0 | 0 | 0 | 0 | 0 | 0 | 0 | 0 | 0 | 0 | 0 |
| ਫਿਰੋਜਪੁਰ | 0.7 | 0 | 3 | 5 | 0 | 0 | 0 | 0 | 0 | 0 | 0 | 0 | 0 |
| ਮੁਕਤਸਰ | 0 | 0 | 0 | 55.6 | 0 | 0 | 0 | 0 | 0 | 0 | 0 | 0 | 0 |
| ਮਾਨਸਾ | 17 | 0 | 0 | 9 | 0 | 0 | 0 | 0 | 0 | 0 | 0 | 0 | 0 |
| ਹਰਿਆਣਾ | | | | | | | | | | | | | |
| ਸਿਰਸਾ | 9.5 | 0 | 0 | 1 | 0 | 1.8 | 0 | 0 | 0 | 0 | 0 | 0 | 0 |
| ਹਿਸਾਰ | 3.6 | 0.1 | 0.8 | 0.7 | 3.8 | 0 | 0 | 0 | 0 | 0 | 0 | 0 | 5 |
| ਫਤਿਆਬਾਦ | 0 | 0 | 0 | 0 | 9.3 | 0 | 0 | 0 | 0 | 0 | 0 | 0 | 3 |
| ਰਾਜਸਥਾਨ | | | | | | | | | | | | | |
| ਹੰਨੂਮਾਨਗੜ੍ਹ | 4.3 | 0 | 1.3 | 0 | 0 | 0 | 0 | 0 | 0 | 0 | 0 | 0 | 0 |
| ਸ੍ਰੀ ਗੰਗਾਨਗਰ | 23.7 | 0 | 1.4 | 3.9 | 0 | 0 | 0 | 0 | 0 | 0 | 0 | 0 | 0 |
| ਬਾਂਸਵਾੜਾ | 201.8 | 35.1 | 10.5 | 2.2 | 0.2 | 0 | 0 | 0 | 1.3 | 0.7 | 0.5 | 6.3 | 1.8 |

### ਸਲਾਹ

ਹਰਿਆਣਾ ਪੰਜਾਬ ਅਤੇ ਰਾਜਸਥਾਨ ਪ੍ਰਾਂਤਾ ਦੇ ਉੱਤਰੀ ਜ਼ੋਨ ਵਿੱਚ ਨਰਮਾ-ਕਪਾਹ ਦੀ ਫ਼ਸਲ ਆਪਣੀ ਫੁੱਲ-ਡੋਡੀ ਅਤੇ ਟੀਂਡੇ ਲੱਗਣ ਦੀ ਅਵਸਥਾ ਵਿੱਚ ਹੈ। ਨਰਮਾ ਕਪਾਹ ਦੇ ਖੇਤਾਂ ਵਿੱਚ ਕੱਖ ਮਾਰਨ ਅਤੇ ਹੋਰ ਇੰਟਰ ਕਲਚਰਲ ਅਪਰੇਸ਼ਨ ਆਦਿ ਦਾ ਕੰਮ ਚੱਲ ਰਿਹਾ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਉੱਤਰੀ ਜ਼ੋਨ ਦੇ ਹਿੱਸਿਆਂ ਵਿੱਚ ਚਿੱਟੀ ਮੱਖੀ ਆਪਣੀ ਆਰਥਿਕ ਕਗਾਰ ਤੋਂ ਘੱਟ ਪਾਈ ਗਈ ਹੈ ਅਤੇ ਇਸ ਹਫ਼ਤੇ ਵਿੱਚ ਨਰਮਾ ਕਪਾਹ ਦੀ ਫ਼ਸਲ ਵਿੱਚ ਚਿੱਟੀ ਮੱਖੀ ਆਪਣੀ ਆਰਥਿਕ ਕਗਾਰ ਤੋ ਹੇਠਾਂ ਰਹੀ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਪੱਤਾ ਮਰੋੜ ਵਿਸ਼ਾਣੂ ਰੋਗ ਦਾ ਨੁਕਸਾਨ ਗ੍ਰੇਡ 1 ਤੋਂ ਗ੍ਰੇਡ 3 ਤੱਕ ਪਾਇਆ ਗਿਆ ਹੈ। ਨਰਮਾ ਕਪਾਹ ਦੇ ਖੇਤਾਂ ਵਿੱਚ ਵਿੱਚ ਕੁੱਝ ਥਾਵਾਂ ਤੇ ਝੁਲਸ ਰੋਗ ਦਾ ਹਮਲਾ ਵੀ ਦੇਖਿਆ ਗਿਆ ਹੈ। ਦੇਸੀ ਕਪਾਹ ਦੇ ਖੇਤਾਂ ਵਿੱਚ ਅਮਰੀਕਨ ਅਤੇ ਚਿਤਕਬਰੀ ਸੁੰਡੀ ਦਾ ਹਮਲਾ ਵੀ ਦੇਖਿਆ ਗਿਆ ਹੈ ਜਿਵੇਂ ਕਿ ਨਰਮਾ ਕਪਾਹ ਦੀ ਫ਼ਸਲ ਟੀਂਡੇ ਪੱਕਣ ਦੀ ਅਵਸਥਾ ਵਿੱਚ ਹੈ ਤਾਂ ਫ਼ਸਲ ਦੀ ਸਰਵਪੱਖੀ ਕੀਟ ਰੋਕਥਾਮ ਕਰਨ ਦੀ ਸਿਫ਼ਾਰਸਿ ਕੀਤੀ ਗਈ ਹੈ।